Punjab Government Gazette

Published by Authority

No. 34] CHANDIGARH, FRIDAY, AUGUST 22, 2025 (SRAVANA 31, 1947 SAKA)

PART I

Punjab Government Notifications and Orders

ਰਾਜ ਚੋਣ ਕਮਿਸ਼ਨ, ਪੰਜਾਬ
STATE ELECTION COMMISSION, PUNJAB

:secpb@punjab.gov.in
https://sec.punjab.gov.in

ਐਸ.ਸੀ.ਓ: ,49 ਸੈਕਟਰ 17-ਈ ,ਚੰਡੀਗੜ੍ਹ, 160017.
☎: 0172- 2771226, 2710162.

NOTIFICATION

The 13th August, 2025

No. SEC/SAP/ET/2025/596.-In pursuance of the provisions of Section 93 of the Punjab State Election Commission Act, 1994, the State Election Commission hereby notifies the order of the Election Tribunal for general information.

ਬਾ-ਅਦਾਲਤ ਜਨਾਬ ਜਸਪਾਲ ਸਿੰਘ ਬਰਾੜ, ਪੀ.ਸੀ.ਐਸ., ਚੋਣ ਟ੍ਰਿਬਿਊਨਲ-ਕਮ-ਉਪ ਮੰਡਲ ਮੈਜਿਸਟਰੇਟ, ਮਲੋਟ

ਕੇਸ ਨੰਬਰ	ਰਜੂਆ	ਫੈਸਲਾ	ਕਿਸਮ ਕੇਸ	ਪੰਚਾਇਤ ਦਾ ਨਾਮ
20/ਚੋਣਾਂ	28.11.2024	11.07.2025	ਚੋਣ ਪਟੀਸ਼ਨ (ਸਰਪੰਚ)	ਨਵਾਂ ਪਿੰਡ ਮਲੋਟ

Jaspreet (Aged about 29 years Adhaar No. 662218360921) s/o Pirthi Ram s/o Mani Ram r/o Nawan Pind Malout, Tehsil Malout, District Sri Muktsar Sahib.

...Petitioner..

/Versus

1) Onkar Singh s/o Bhoora Singh r/o Nawan Pind, Malout, Tehsil Malout, Distt. Sri Muktsar Sahib.

2) Vikas Kumar Principal in Govt. Senior Secondary School, Village Alamwala, Tehsil Malout, Distt. Sri Muktsar Sahib. (Returning Officer)

3) Mohit Kumar, Science Teacher, Govt. High School village Bam, Tehsil Malout, Distt. Sri Muktsar Sahib. (Presiding Officer).

...Respondents..

Election Petition under Section 76 of the Punjab State Election Commission Act 1994 read with Rule 50 of the Punjab Panchayat Election Rules 1994 against the declaration of Respondent No. 1 as Sarpanch (Schedule Caste Category) of Gram Panchayat Nawa Pind, Tehsil Malout, Distt. Sri Muktsar Sahib, Sarpanch (Schedule Caste Category) being illegal, void, arbitary, un-constitutional against the principles of natural justice, against the provisions of Punjab State Election Rules 1994 and against the instructions issued by the Election Commission Punjab etc. from time to time having been force in law, with further prayer to recounting the votes.

CLAIM IN PETITION:-

For setting aside election declaration of respondent No. 1 Sarpanch (Schedule Caste Category) of Gram Panchayat, Nawa Pind, Malout, Tehsil malout, District Sri Muktsar Sahib and for declaration of the petitioner as duly elected Sarpanch (Schedule Caste Category) of Gram Panchayat, Nawa Pind, Malout Tehsil Malout District Sri Muktsar Sahib Sarpanch, vide oral and documentary evidence of all kinds.

ਹਾਜਰ: ਸ਼੍ਰੀ ਸੁਖਪਾਲ ਸਿੰਘ ਕਲਸੀ ਵਕੀਲ ਵੱਲੋਂ ਪਟੀਸ਼ਨਰ ਵਾ ਪਟੀਸ਼ਨਰ ਖੁਦ ਹਾਜਰ।

ਸ਼੍ਰੀ ਬਲਰਾਜ ਸਿੰਘ ਸਰਾਂ ਵਕੀਲ ਵੱਲੋਂ ਉਤਰਵਾਦੀ ਨੰਬਰ 1 ਵਾ ਉਤਰਵਾਦੀ ਖੁਦ ਹਾਜਰ।

ਹੁਕਮ:

ਇਸ ਕੇਸ ਦੇ ਸੰਖੇਪ ਹਾਲਾਤ ਇਸ ਪ੍ਰਕਾਰ ਹਨ ਕਿ ਇੱਕ ਚੋਣ ਪਟੀਸ਼ਨ ਵੱਲੋਂ ਸ਼੍ਰੀ ਜਸਪ੍ਰੀਤ ਨੇ ਆਪਣੇ ਵਕੀਲ ਸ਼੍ਰੀ ਸੁਖਪਾਲ ਸਿੰਘ ਕਲਸੀ ਰਾਹੀਂ ਇਸ ਅਦਾਲਤ ਵਿਚ ਪੇਸ਼ ਕੀਤੀ। ਪਟੀਸ਼ਨ ਰਾਹੀਂ ਵਿਦਵਾਨ ਵਕੀਲ ਨੇ ਦੱਸਿਆ ਕਿ ਗਰਾਮ ਪੰਚਾਇਤ ਪਿੰਡ ਮਲੋਟ ਵਿਖੇ ਸਰਪੰਚ ਦੀਆਂ ਚੋਣਾਂ ਹੋਈਆਂ ਸਨ। ਜਿਸ ਵਿਚ ਸ਼੍ਰੀ ਉਂਕਾਰ ਸਿੰਘ ਉਤਰਵਾਦੀ ਨੰਬਰ 1 ਚੋਣਾਂ ਜਿੱਤ ਕੇ ਸਰਪੰਚ ਚੁਣਿਆ ਗਿਆ ਹੈ। ਪੋਲਿੰਗ ਸਟਾਫ ਵੱਲੋਂ ਵੋਟਾਂ ਦੀ ਗਿਣਤੀ ਸਹੀ ਤਰੀਕੇ ਨਾਲ ਨਹੀਂ ਕੀਤੀ ਗਈ। ਪੋਲਿੰਗ ਸਟਾਫ ਨੂੰ ਮੌਕਾ ਪਰ ਦੁਬਾਰਾ ਗਿਣਤੀ ਕਰਨ ਲਈ ਬੇਨਤੀ ਵੀ ਕੀਤੀ ਗਈ, ਪਰੰਤੂ ਪੋਲਿੰਗ ਸਟਾਫ ਨੇ ਗਿਣਤੀ ਨਹੀਂ ਕੀਤੀ। ਵੀਡੀਓਗਰਾਫੀ ਵੀ ਸਹੀ ਤਰੀਕੇ ਨਾਲ ਨਹੀਂ ਹੋਈ। ਇਸ ਤੋਂ ਇਲਾਵਾ ਉਤਰਵਾਦੀ ਨੇ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀ ਦੇ ਯੋਗ ਵਿਅਕਤੀਆਂ ਲਈ ਕੈਟਲ ਸ਼ੈਡ ਪਾਉਣ ਲਈ ਤਕਰੀਬਨ 1.00 ਲੱਖ ਰੁਪਏ ਦੀ ਗਰਾਂਟ ਆਈ ਸੀ, ਪਰੰਤੂ ਉਤਰਵਾਦੀ ਨੰਬਰ 1 ਨੇ

ਇਹ ਸ਼ੈੱਡ ਆਪਣੇ ਘਰ ਬਨਾਉਣ ਦੀ ਬਜਾਏ ਕਿਸੇ ਹੋਰ ਜਗ੍ਹਾ ਤੇ ਬਣਾਇਆ ਹੈ। ਇਸ ਦੀ ਪੜਤਾਲ ਕਰਵਾਈ ਜਾਣੀ ਯੋਗ ਹੈ ਅਤੇ ਪਿੰਡ ਮਲੋਟ ਵਿਖੇ ਸਰਪੰਚ ਦੀਆਂ ਵੋਟਾਂ ਦੀ ਗਿਣਤੀ ਦੁਬਾਰਾ ਪਾਰਦਰਸ਼ਤਾ ਨਾਲ ਕਰਵਾਈ ਜਾਵੇ।

2) ਪਟੀਸ਼ਨ ਪ੍ਰਾਪਤ ਹੋਣ ਤੇ ਦਰਜ ਰਜਿਸਟਰ ਕੀਤੀ ਗਈ। ਉਤਰਵਾਦੀਆਨ ਦੀ ਤਲਬੀ ਕੀਤੀ ਗਈ। ਉਤਰਵਾਦੀ ਨੰਬਰ 1 ਦੀ ਤਰਫੋਂ ਸ਼੍ਰੀ ਬਲਰਾਜ ਸਿੰਘ ਸਰਾਂ ਵਕੀਲ ਨੇ ਵਕਾਲਤਨਾਮਾ ਪੇਸ਼ ਕੀਤਾ ਅਤੇ ਉਤਰਵਾਦੀ ਨੰਬਰ 2, 3 ਖੁਦ ਹਾਜਰ ਹੋਏ।

3) ਪਟੀਸ਼ਨਰ ਜਸਪ੍ਰੀਤ ਦੀ ਤਰਫੋਂ ਪੇਸ਼ ਹੋਏ ਵਿਦਵਾਨ ਵਕੀਲ ਸ਼੍ਰੀ ਸੁਖਪਾਲ ਸਿੰਘ ਕਲਸੀ ਨੇ ਆਪਣੀ ਬਹਿਸ ਸੁਰੂ ਕਰਦੇ ਸਮੇਂ ਦੱਸਿਆ ਕਿ ਪਿੰਡ ਮਲੋਟ ਵਿਖੇ ਸਰਪੰਚ ਦੀਆਂ ਚੋਣਾਂ ਹੋਈਆਂ ਸਨ। ਜਿਸ ਵਿਚ ਸ਼੍ਰੀ ਉਂਕਾਰ ਸਿੰਘ ਉਤਰਵਾਦੀ ਨੰਬਰ 1 ਚੋਣਾਂ ਜਿੱਤ ਕੇ ਸਰਪੰਚ ਚੁਣਿਆ ਗਿਆ ਹੈ। ਪੋਲਿੰਗ ਸਟਾਫ ਵੱਲੋਂ ਵੋਟਾਂ ਦੀ ਗਿਣਤੀ ਸਹੀ ਤਰੀਕੇ ਨਾਲ ਨਹੀਂ ਕੀਤੀ ਗਈ। ਪੋਲਿੰਗ ਸਟਾਫ ਨੂੰ ਮੌਕਾ ਪਰ ਦੁਬਾਰਾ ਗਿਣਤੀ ਕਰਨ ਲਈ ਬੇਨਤੀ ਵੀ ਕੀਤੀ ਗਈ, ਪਰੰਤੂ ਪੋਲਿੰਗ ਸਟਾਫ ਨੇ ਗਿਣਤੀ ਨਹੀਂ ਕੀਤੀ। ਪੋਲਿਗ ਸਟਾਫ ਵੱਲੋਂ ਗਲਤ ਤਰੀਕੇ ਨਾਲ ਉਤਰਵਾਦੀ ਨੰਬਰ 1 ਨੂੰ ਜੇਤੂ ਘੋਸ਼ਿਤ ਕੀਤਾ ਹੈ। ਪੋਲਿੰਗ ਸਟਾਫ ਵੱਲੋਂ ਪਟੀਸ਼ਨਰ ਨੂੰ ਫਾਰਮ ਨੰਬਰ 9 ਵੀ ਸਪਲਾਈ ਨਹੀਂ ਕੀਤਾ ਗਿਆ। ਪਟੀਸ਼ਨਰ ਅਤੇ ਉਸਦਾ ਏਜੰਟ ਏਨਾ ਜ਼ਿਆਦਾ ਪੜ੍ਹਿਆ-ਲਿਖਿਆ ਨਾ ਹੋਣ ਕਰਕੇ ਪੋਲਿੰਗ ਸਟਾਫ ਵੱਲੋਂ ਸਬੰਧਤ ਦਸਤਾਵੇਜ਼ਾਂ ਤੇ ਪਹਿਲਾਂ ਹੀ ਦਸਤਖਤ ਕਰਵਾ ਲਏ ਸਨ। ਵੀਡੀਓਗਰਾਫੀ ਵੀ ਸਹੀ ਤਰੀਕੇ ਨਾਲ ਨਹੀਂ ਹੋਈ। ਜਿਸ ਕਰਕੇ ਚੋਣਾਂ ਅਤੇ ਗਿਣਤੀ ਪੂਰੇ ਸ਼ੱਕੀ ਜਾਪਦੇ ਹਨ। ਵਿਦਵਾਨ ਵਕੀਲ ਨੇ ਆਪਣੀ ਬਹਿਸ ਨੂੰ ਅੱਗੇ ਤੋਰਦਿਆਂ ਕਿਹਾ ਕਿ ਪਟੀਸ਼ਨਰ ਇੱਕ ਅਸਰ-ਰਸੂਖ ਰੱਖਣ ਵਾਲਾ ਅਤੇ ਅਮਨ ਪਸੰਦ ਵਿਅਕਤੀ ਹੈ। ਪਟੀਸ਼ਨਰ ਕਿਸੇ ਵੀ ਸਰਕਾਰੀ ਅਦਾਰੇ ਦਾ ਡਿਫਾਲਟਰ ਨਹੀਂ ਹੈ। ਪਟੀਸ਼ਨਰ ਦੇ ਖਿਲਾਫ ਕਿਸੇ ਵੀ ਮਹਿਕਮੇ ਦੀ ਕੋਈ ਸ਼ਿਕਾਇਤ ਲੰਬਿਤ ਨਾ ਹੈ। ਪਰੰਤੂ ਇਸ ਤੋਂ ਇਲਾਵਾ ਉਤਰਵਾਦੀ ਨੰਬਰ 1 ਨੂੰ ਪੰਜਾਬ ਸਰਕਾਰ ਵੱਲੋਂ ਅਨੂਸੂਚਿਤ ਜਾਤੀ ਦੇ ਯੋਗ ਵਿਅਕਤੀਆਂ ਲਈ ਕੈਟਲ ਸ਼ੈਡ ਪਾਉਣ ਲਈ ਤਕਰੀਬਨ 1.00 ਲੱਖ ਰੁਪਏ ਦੀ ਗਰਾਂਟ ਆਈ ਸੀ, ਪਰੰਤੂ ਉਤਰਵਾਦੀ ਨੰਬਰ 1 ਨੇ ਇਹ ਸ਼ੈੱਡ ਆਪਣੇ ਘਰ ਬਨਾਉਣ ਦੀ ਬਜਾਏ ਕਿਸੇ ਹੋਰ ਜਗ੍ਹਾ ਤੇ ਬਣਾਇਆ ਹੈ। ਸਰਕਾਰੀ ਰਕਮ ਦੀ ਦੁਰਵਰਤੋਂ ਕੀਤੀ ਹੈ। ਸ਼੍ਰੀ ਜਸਪ੍ਰੀਤ ਪਟੀਸ਼ਨਰ ਨੇ ਬਿਆਨ ਕੀਤਾ ਕਿ ਉਂਕਾਰ ਸਿੰਘ ਵੱਲੋਂ ਪੇਸ਼ ਕੀਤੀ ਗਈ ਲੀਜ਼ ਰਜਿਸਟਰਡ ਨਹੀਂ ਹੈ। ਉਂਕਾਰ ਸਿੰਘ ਵੱਲੋਂ ਪੇਸ਼ ਕੀਤਾ ਗਿਆ ਅਸ਼ਟਾਮ, ਲੀਜ਼ ਲਈ ਨਹੀਂ ਲਿਆ ਗਿਆ, ਬਲਕਿ ਕਰਨੈਲ ਸਿੰਘ ਵੱਲੋਂ ਇਹ ਅਸ਼ਟਾਮ ਸੰਨਦ ਤਕਸੀਮ ਲਈ ਲਿਆ ਸੀ ਅਤੇ ਇਸ ਤੇ ਕਟਿੰਗ ਕੀਤੀ ਹੋਈ ਹੈ ਜਦਕਿ ਜਿਸ ਕੰਮ ਲਈ ਅਸ਼ਟਾਮ ਲਿਆ ਗਿਆ ਹੈ, ਉਸੇ ਕੰਮ ਲਈ ਹੀ ਉਸਦੀ ਵਰਤੋਂ ਹੁੰਦੀ ਹੈ। ਇਸ ਸਬੰਧੀ ਸਰਕਾਰ ਦੀਆਂ ਹਦਾਇਤਾਂ ਹਨ ਕਿ ਸ਼ੈਡ ਸਬੰਧਤ ਦੀ ਆਪਣੀ ਜਗ੍ਹਾ ਉਪਰ ਬਣਾਇਆ ਜਾ ਸਕਦਾ ਹੈ ਅਤੇ ਉਂਕਾਰ ਸਿੰਘ ਨੇ ਝੂਠ ਬੋਲ ਕੇ ਇਹ ਸ਼ੈਡ ਬਣਾਇਆ ਹੈ। ਇਹ ਅਸ਼ਟਾਮ ਮਿਤੀ 03.06.2008 ਨੂੰ ਜਾਰੀ ਹੋਇਆ ਹੈ ਅਤੇ ਮਿਤੀ 02.08.2016 ਨੂੰ ਜਿਸ ਤੇ ਕਰਨੈਲ ਸਿੰਘ ਦੇ ਦਸਤਖਤ ਹਨ, ਟਾਈਪ ਕੀਤਾ ਗਿਆ ਹੈ। ਜਦ ਕਿ ਕਰਨੈਲ ਸਿੰਘ ਸਾਲ 2012 ਵਿੱਚ ਫੌਤ ਹੋ ਚੁੱਕਾ ਹੈ। ਇਸ ਤਰ੍ਹਾਂ ਇਹ ਸਾਰੀ ਝੂਠੀ ਕਹਾਣੀ ਬਣਾਈ ਹੈ। ਜਦੋਂ ਕਿ ਉਂਕਾਰ ਸਿੰਘ ਨੇ petition ਦੇ ਜਵਾਬ ਵਿਚ ਲਿਖਿਆ ਹੈ ਕਿ ਉਸ ਨੇ ਕੋਈ ਸ਼ੈਡ ਨਹੀਂ ਬਣਾਇਆ ਅਤੇ ਨਾ ਹੀ ਬੀ.ਡੀ.ਪੀ.ਓ. ਦਫਤਰ ਤੋਂ ਕੋਈ ਰਕਮ ਪ੍ਰਾਪਤ ਕੀਤੀ ਹੈ। ਇਸ ਨੇ ਸਰਕਾਰੀ ਫੰਡ ਦਾ ਗਬਨ ਕੀਤਾ ਹੈ। ਜਿਰਾ ਦੌਰਾਨ ਜਸਪ੍ਰੀਤ ਪਟੀਸ਼ਨਰ ਨੇ ਦੱਸਿਆ ਕਿ ਉਂਕਾਰ ਸਿੰਘ 155 ਵੋਟਾਂ ਨਾਲ ਜਿੱਤਿਆ ਹੈ। ਉਂਕਾਰ ਸਿੰਘ ਨੇ ਜੋ ਸ਼ੈਡ ਬਣਾਇਆ ਹੈ, ਉਹ ਕਿਸੇ ਦੀ ਹੋਰ ਜਗ੍ਹਾ ਉਪਰ ਗਲਤ ਇਕਰਾਰਨਾਮਾ ਕਰਕੇ ਬਣਾਇਆ ਹੈ। ਅੰਤ ਵਿਚ ਵਿਦਵਾਨ ਵਕੀਲ ਨੇ ਬੇਨਤੀ ਕੀਤੀ ਕਿ ਗਰਾਮ ਪੰਚਾਇਤ ਚੋਣਾਂ ਵਿਚੋਂ ਉਂਕਾਰ ਸਿੰਘ ਦੀ ਨਾਮਜ਼ਦਗੀ ਨੂੰ ਰੱਦ ਕਰਦੇ ਹੋਏ ਪਟੀਸ਼ਨਰ ਨੂੰ ਪਿੰਡ ਮਲੋਟ ਦਾ ਨਵਾਂ ਸਰਪੰਚ ਘੋਸ਼ਿਤ ਕੀਤਾ ਜਾਵੇ।

4) ਵਿਦਵਾਨ ਵਕੀਲ ਸ਼੍ਰੀ ਬਲਰਾਜ ਸਿੰਘ ਸਰਾਂ ਜੋ ਕਿ ਸ਼੍ਰੀ ਉਂਕਾਰ ਸਿੰਘ ਉਤਰਵਾਦੀ ਨੰਬਰ 1 ਦੀ ਤਰਫੋਂ ਪੇਸ਼ ਹੋਏ ਨੇ ਉਤਰਵਾਦੀ ਦੀ ਤਰਫੋਂ ਜਵਾਬ ਪੇਸ਼ ਕਰਦੇ ਹੋਏ ਆਪਣੀ ਬਹਿਸ ਵਿਚ ਕਿਹਾ ਕਿ ਪਟੀਸ਼ਨਰ ਧਿਰ ਵੱਲੋਂ ਲਗਾਏ ਗਏ ਇਤਰਾਜ਼ ਗਲਤ ਹਨ ਜੋ ਕਿ ਮੁੱਢੋਂ ਹੀ ਖਾਰਜ ਕੀਤੇ ਜਾਣੇ ਯੋਗ ਹਨ। ਕਿਉਂ ਜੋ ਮੌਕਾ ਪਰ ਗਿਣਤੀ ਬਿਲਕੁਲ ਸਹੀ ਤਰੀਕੇ ਨਾਲ ਹੋਈ ਹੈ। ਮੌਕਾ ਪਰ ਪਟੀਸ਼ਨਰ ਖੁਦ ਵਾ ਉਸਦਾ ਏਜੰਟ ਹਾਜਰ ਸੀ ਅਤੇ ਵੀਡੀਓ ਗਰਾਫੀ ਵੀ ਪੂਰੇ ਸਹੀ ਤਰੀਕੇ ਨਾਲ ਹੋਈ ਹੈ। ਪਟੀਸ਼ਨਰ ਖੁਦ ਵਾ ਉਸ ਦਾ ਏਜੰਟ ਪੜ੍ਹੇ-ਲਿਖੇ ਵਿਅਕਤੀ ਹਨ। ਇਸ ਲਈ ਗਿਣਤੀ ਕਰਨ ਸਮੇਂ ਘਪਲੇ ਆਦਿ ਦੀ ਕੋਈ ਗੁੰਜਾਇਸ਼ ਨਹੀਂ ਹੈ ਅਤੇ ਉਤਰਵਾਦੀ 155 ਦੇ ਫਰਕ ਨਾਲ ਜਿੱਤਿਆ ਹੈ। ਪਟੀਸ਼ਨਰ ਵੱਲੋਂ ਸਿਆਸੀ ਰੰਜ਼ਸ਼ ਕਾਰਨ ਉਤਰਵਾਦੀ ਨੂੰ ਪ੍ਰੇਸ਼ਾਨ ਕੀਤਾ ਜਾ

ਰਿਹਾ ਹੈ। ਵਿਦਵਾਨ ਵਕੀਲ ਵੱਲੋਂ ਉਤਰਵਾਦੀ ਨੰਬਰ 1 ਦੇ ਬਿਆਨਾਂ ਦੀ ਤਾਈਦ ਕਰਦੇ ਸਮੇਂ ਦੱਸਿਆ ਕਿ ਸਾਲ 2021 ਵਿਚ ਮਨਰੇਗਾ ਸਕੀਮ ਅਧੀਨ ਪਸ਼ੂ ਸ਼ੈਡ ਲਈ ਉਸ ਨੂੰ ਸਿਰਫ 19000/- ਰੁਪਏ ਲੇਬਰ ਦੇ ਆਏ ਹਨ। ਹੋਰ ਕੋਈ ਰਕਮ ਨਹੀਂ ਆਈ। ਉਸ ਨੇ ਪਸ਼ੂਆਂ ਲਈ ਸ਼ੈਡ ਆਪਣੀ ਮਾਲਕੀ ਵਾਲੀ ਜ਼ਮੀਨ ਵਿਚ ਬਣਾਇਆ ਹੈ। ਇੱਕ ਹੋਰ ਸ਼ੈਡ ਸਾਲ 2021 ਵਿਚ ਕਰਨੈਲ ਸਿੰਘ ਤੋਂ ਜਗ੍ਹਾ ਲੀਜ਼ ਤੇ ਲੈ ਕੇ ਉਥੇ ਬਣਾਇਆ ਸੀ। ਸਰਕਾਰ ਦੀਆਂ ਹਦਾਇਤਾਂ ਮੁਤਾਬਕ ਸ਼ੈਡ 3 ਸਾਲ ਤੱਕ ਨਹੀਂ ਢਾਹਵਾਂਗਾ ਅਤੇ ਨਾ ਹੀ ਵੇਚਾਂਗਾ ਵਾਲੀ ਸ਼ਰਤ ਮੁਤਾਬਕ ਦੋਨੋਂ ਸ਼ੈਡ ਅੱਜ ਵੀ ਮੌਜੂਦ ਹਨ। ਮੌਕਾ ਪਰ ਜਾਂਚ ਵੀ ਕੀਤੀ ਜਾ ਸਕਦੀ ਹੈ। ਕਰਨੈਲ ਸਿੰਘ ਅਤੇ ਗਵਾਹ ਦਰਸ਼ਨ ਸਿੰਘ ਦੀ ਮੌਤ ਹੋ ਚੁੱਕੀ ਹੈ ਅਤੇ ਹਰਦੀਪ ਸਿੰਘ ਬਿਰਧ ਹੋਣ ਕਰਕੇ ਬੈਡ ਤੇ ਹੈ। ਜ਼ਿਰਾਹ ਸਮੇਂ ਉਂਕਾਰ ਸਿੰਘ ਨੇ ਦੱਸਿਆ ਕਿ ਉਸ ਨੇ ਉਸ ਵੱਲੋਂ ਦੋ ਸ਼ੈਡ ਬਣਾਏ ਗਏ ਹਨ, ਇੱਕ ਉਸਦੀ ਆਪਣੀ ਮਾਲਕੀ ਵਾਲੀ ਜਗ੍ਹਾ ਵਿਚ ਹੈ ਅਤੇ ਦੂਜਾ ਲੀਜ਼ ਵਾਲੀ ਜਗ੍ਹਾ ਵਿਚ ਬਣਾਇਆ ਹੋਇਆ ਹੈ। ਪ੍ਰਾਪਤ ਰਕਮ ਅਤੇ ਬਣੇ ਹੋਏ ਸ਼ੈਡਾਂ ਬਾਰੇ ਮੌਜੂਦ ਬੀ.ਡੀ.ਪੀ.ਓ. ਸਾਹਿਬ ਅਤੇ ਏ.ਪੀ.ਓ. ਸਾਹਿਬ ਵੱਲੋਂ ਆਪਣੇ ਬਿਆਨਾਂ ਵਿਚ ਸਭ ਕੁਝ ਦੱਸ ਦਿੱਤਾ ਹੈ ਕਿ ਸਿਰਫ 19000/- ਰੁਪਏ ਦੀ ਅਦਾਇਗੀ ਹੀ ਕੀਤੀ ਗਈ ਹੈ ਅਤੇ ਮੌਕਾ ਪਰ ਸ਼ੈਡ ਮੌਜੂਦ ਹੈ। ਬੀ.ਡੀ.ਪੀ.ਓ. ਸਾਹਿਬ ਦੇ ਦਫਤਰ ਪੱਤਰ ਨੰਬਰ 355 ਮਿਤੀ 24.06.2025 ਰਾਹੀਂ ਲਿਖਿਆ ਗਿਆ ਹੈ ਕਿ ਮਿਤੀ 23.06.2025 ਨੂੰ ਮੌਕਾ ਮੁਲਾਹਜ਼ਾ ਕਰਨ ਉਪਰੰਤ ਕੈਟਲ ਸ਼ੈਡ ਚੈਕ ਕੀਤਾ ਗਿਆ। ਕੰਮ ਚੱਲਣ ਤੋਂ ਪਹਿਲਾਂ ਅਤੇ ਅੱਜ ਦੇ ਬਣੇ ਕੈਟਲ ਸ਼ੈਡ ਦੀ ਲੋਕੇਸ਼ਨ ਇੱਕੋ ਹੀ ਪਾਈ ਗਈ। ਇੱਕ ਹੋਰ ਪੱਤਰ ਨੰਬਰ 1076 ਮਿਤੀ 02.07.2025 ਰਾਹੀਂ ਦਫਤਰ ਬੀ.ਡੀ.ਪੀ.ਓ. ਵੱਲੋਂ ਲਿਖਿਆ ਗਿਆ ਹੈ ਕਿ ਉਂਕਾਰ ਸਿੰਘ ਪੁੱਤਰ ਭੂਰਾ ਸਿੰਘ ਵੱਲੋਂ ਇਕਰਾਰਨਾਮਾ ਲੀਜ਼/ਠੇਕਾ ਮਿਤੀ 03.06.2008 ਤੋਂ ਮਿਤੀ 02.06.2008 ਤੱਕ 20 ਸਾਲ ਲਈ ਲੀਜ਼/ਠੇਕੇ ਤੇ ਲਈ ਗਈ ਹੈ। ਵਿਦਵਾਨ ਵਕੀਲ ਨੇ ਅੱਗੇ ਦੱਸਿਆ ਕਿ ਸ਼ੈਡ ਦੀ ਤਾਂ ਹੁਣ ਮਿਆਦ ਵੀ ਖਤਮ ਹੋ ਚੁੱਕੀ ਹੈ। ਇਸ ਤੋਂ ਇਲਾਵਾ ਇਲੈਕਸ਼ਨਾਂ ਨਾਲ ਸ਼ੈਡ ਦਾ ਕੋਈ ਤਾਲੁਕ ਵਾਸਤਾ ਨਾ ਹੈ। ਜੇਕਰ ਉਤਰਵਾਦੀ ਨੇ ਕੋਈ ਸਰਕਾਰੀ ਪੈਸੇ ਦਾ ਗਬਨ ਕੀਤਾ ਹੈ ਤਾਂ ਇਸ ਦੀ ਵੱਖਰੇ ਤੌਰ ਤੇ ਪੜਤਾਲ ਕੀਤੀ ਜਾ ਸਕਦੀ ਹੈ। ਇਸ ਨੂੰ ਇਲੈਕਸ਼ਨ ਨਾਲ ਨਹੀਂ ਜੋੜਨਾ ਚਾਹੀਦਾ। ਅੰਤ ਵਿਚ ਵਿਦਵਾਨ ਵਕੀਲ ਨੇ ਬੇਨਤੀ ਕੀਤੀ ਕਿ ਇਸ ਪਟੀਸ਼ਨ ਵਿਚ ਕੋਈ ਸਚਾਈ ਨਾ ਹੈ। ਇਹ ਪਟੀਸ਼ਨ ਖਾਰਜ ਕੀਤੀ ਜਾਵੇ।

5) **ਸ਼੍ਰੀ** ਪ੍ਰਮੋਦ ਬਾਂਸਲ ਅਸ਼ਟਾਮ ਫਰੋਸ਼ ਨੇ ਬਿਆਨ ਕੀਤਾ ਕਿ ਲੜੀ ਨੰਬਰ 4063 ਮਿਤੀ 03.06.2008 ਉਸ ਵੱਲੋਂ ਸੰਨਦ ਤਕਸੀਮ ਬਾਰੇ ਜਾਰੀ ਕੀਤਾ ਗਿਆ ਹੈ ਜੋ ਕਰਨੈਲ ਸਿੰਘ ਦੇ ਨਾਮ ਤੇ ਹੈ। ਅਸ਼ਟਾਮ ਤੇ ਸੰਨਦ ਤਕਸੀਮ ਮੇਰੇ ਵੱਲੋਂ ਲਿਖਿਆ ਗਿਆ ਹੈ। ਜੋ ਕਟਿੰਗ ਹੋਈ ਹੈ, ਉਹ ਉਸ ਵੱਲੋਂ ਨਹੀਂ ਕੀਤੀ ਗਈ ਅਤੇ ਮੰਗੇ ਗਏ ਰਿਕਾਰਡ ਦੀ ਕਾਪੀ ਪੇਸ਼ ਕੀਤੀ।

6) ਉਤਰਵਾਦੀ ਨੰਬਰ 2 ਰਿਟਰਨਿੰਗ ਅਫਸਰ ਅਤੇ ਉਤਰਵਾਦੀ ਨੰਬਰ 3 ਪ੍ਰੀਜ਼ਾਈਡਿੰਗ ਅਫਸਰ ਨੇ ਆਖਿਆ ਕਿ ਪਟੀਸ਼ਨਰ ਵੱਲੋਂ ਜੋ ਗਲਤ ਗਿਣਤੀ ਸਬੰਧੀ ਦੋਸ਼ ਲਗਾਏ ਗਏ ਹਨ, ਉਹ ਗਲਤ ਹੈ। ਗਿਣਤੀ ਨਿਯਮਾਂ ਅਨੁਸਾਰ ਹੀ ਕਰਵਾਈ ਗਈ ਹੈ।

7) **ਸ਼੍ਰੀ** ਸੁਰਜੀਤ ਚੰਦ, ਸ਼੍ਰੀ ਆਦੇਸ਼ ਕੁਮਾਰ, ਕਿਰਪਾਲ ਸਿੰਘ ਅਤੇ ਛਿੰਦਰਪਾਲ ਸਿੰਘ ਨੇ ਸਵੈ-ਘੋਸ਼ਣਾ ਪੇਸ਼ ਕੀਤਾ ਕਿ ਉਂਕਾਰ ਸਿੰਘ ਨੇ ਜੋ ਸਾਲ 2021 ਵਿਚ ਸ਼ੈਡ ਬਣਾਇਆ ਸੀ, ਉਹ ਹੁਣ ਵੀ ਉਸ ਦੇ ਘਰ ਬਣਿਆ ਹੋਇਆ ਹੈ।

8) **ਸ਼੍ਰੀ** ਕੇਵਲ ਕੁਮਾਰ ਬੀ.ਡੀ.ਪੀ.ਓ. ਮਲੋਟ ਅਤੇ ਅਜੇ ਸ਼ਰਮਾ ਏ.ਡੀ.ਓ. ਮਨਰੇਗਾ ਮਲੋਟ ਨੇ ਸਾਂਝਾ ਬਿਆਨ ਕੀਤਾ ਕਿ ਪੱਤਰ ਨੰਬਰ 355 ਮਿਤੀ 24.06.2025 ਦੇ ਨਾਲ ਜੋ ਸ਼ੈਡ ਦੀ ਫੋਟੋ ਹੈ, ਜਿਸ ਵਿਚ ਅਸੀਂ ਦੋਨੋਂ ਅਤੇ ਉਂਕਾਰ ਸਿੰਘ ਖੜ੍ਹਾ ਹੈ। ਇਹ ਮੌਕਾ ਵਾ ਫੋਟੋ ਮਿਤੀ 23.06.2025 ਦੀ ਹੈ। ਇਹ ਜਗ੍ਹਾ ਉਂਕਾਰ ਸਿੰਘ ਨੇ ਇਕਰਾਰਨਾਮਾ ਦੇ ਅਧਾਰ ਤੇ ਲੀਜ਼ ਤੇ 2008 ਤੋਂ 2028 ਤੱਕ 20 ਸਾਲਾਂ ਤੱਕ ਲਈ ਹੈ। ਇਹ ਸ਼ੈਡ ਲਈ ਸਾਲ 2021 ਵਿਚ ਸਿਰਫ 19000/- ਰੁਪਏ ਦੀ ਲੇਬਰ ਨੂੰ ਅਦਾਇਗੀ ਹੋਈ ਹੈ। ਇਹ ਸ਼ੈਡ ਅਕਤੂਬਰ-2021 ਵਿਚ ਬਣਨਾ ਸੁਰੂ ਹੋ ਗਿਆ ਸੀ ਅਤੇ ਮਿਤੀ 06.10.2021 ਨੂੰ ਪਹਿਲਾ ਮਾਸਟਰ ਰੋਲ ਨਿੱਕਲਿਆ ਸੀ। ਜ਼ਿਰਾਹ ਦੌਰਾਨ ਕਿਹਾ ਕਿ ਜੋ ਫੋਟੋ ਉਸ ਦੀ ਅਤੇ ਬੀ.ਡੀ.ਪੀ.ਓ. ਸਾਹਿਬ ਦੀ ਹੈ, ਉਹ ਉਸ ਜਗ੍ਹਾ ਦੀ ਹੈ, ਅਤੇ ਉਂਕਾਰ ਸਿੰਘ ਨੇ ਇਕਰਾਰਨਾਮਾ ਵਾਲੀ ਜਗ੍ਹਾ ਤੇ ਸ਼ੈਡ ਬਣਾਇਆ ਹੈ। ਉਹ ਜਗ੍ਹਾ ਪਿੰਡ ਮਲੋਟ ਦੀ ਹੈ ਅਤੇ ਸ਼ੈਡ ਦੀ ਮਿਆਦ 3 ਸਾਲ ਤੱਕ ਹੁੰਦੀ ਹੈ, ਉਸ ਤੋਂ ਬਾਅਦ ਮਾਲਕ ਸ਼ੈਡ ਨੂੰ ਰੱਖੇ ਜਾਂ ਨਾ ਰੱਖੇ ਉਸ ਦੀ ਮਰਜ਼ੀ ਹੈ। ਅੱਗੇ ਕਿਹਾ ਕਿ ਉਂਕਾਰ ਸਿੰਘ ਨੇ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਅਰਜੀ ਦਿੱਤੀ ਸੀ ਅਤੇ ਅਰਜੀ ਮੁਤਾਬਕ ਹੀ ਉਸ ਨੂੰ ਸ਼ੈਡ ਦੀ ਰਕਮ ਦਿੱਤੀ ਗਈ ਸੀ। ਅੱਗੇ ਕਿਹਾ ਕਿ ਉਂਕਾਰ ਸਿੰਘ ਨੇ ਇੱਕ ਸ਼ੈਡ ਆਪਣੇ ਘਰ ਬਣਾਇਆ ਹੈ। ਜੋ ਮੌਕਾ ਮੁਲਾਹਜ਼ਾ ਉਹਨਾਂ ਵੱਲੋਂ ਕੀਤਾ ਗਿਆ, ਉਸ

ਮੁਤਾਬਕ ਸ਼ੈਡ ਅਜੇ ਵੀ ਇਕਰਾਰਨਾਮਾ ਵਾਲੀ ਜਗ੍ਹਾ ਵਿਚ ਹੈ ਜੋ ਕਿ ਦਰੁਸਤ ਹਾਲਤ ਵਿਚ ਹੈ। ਇਹ ਗੱਲ ਠੀਕ ਹੈ ਕਿ ਉਤਰਵਾਦੀ ਉਂਕਾਰ ਸਿੰਘ ਲੀਜ਼ ਦੀ ਤਸਦੀਕ ਸੁਦਾ ਕਾਪੀ ਉਹਨਾਂ ਦੇ ਦਫਤਰ ਦੇ ਕੇ ਆਇਆ ਸੀ।

9) ਸ੍ਰੀ ਪੰਜਾਬ ਸਿੰਘ ਸੰਧੂ ਵਕੀਲ ਨੋਟਰੀ ਪਬਲਿਕ ਪੁਰਾਣੀ ਤਹਿਸੀਲ ਰੋਡ ਮਲੋਟ ਨੇ ਬਿਆਨ ਕੀਤਾ ਕਿ ਉਸ ਨੇ ਲੀਜ਼ ਡੀਡ ਦੀ ਕਾਪੀ ਦੇਖ ਲਈ ਹੈ ਜੋ ਉਸ ਦੁਆਰਾ ਤਸਦੀਕ ਕੀਤੀ ਹੋਈ ਹੈ। ਇਹ ਉਸ ਵੱਲੋਂ ਮਿਤੀ 01.07.2025 ਨੂੰ ਅਸਲ ਦੇਖ ਕੇ ਤਸਦੀਕ ਕੀਤੀ ਗਈ ਹੈ। ਇਹ ਕਿ ਉਸ ਨੂੰ ਨੋਟਰੀ ਪਬਲਿਕ ਦੀ ਅਥਾਰਟੀ ਮਿਤੀ 24-02-2025 ਨੂੰ ਮਿਲੀ ਹੈ।

10) ਦੋਨਾਂ ਧਿਰਾਂ ਦੇ ਵਿਦਵਾਨ ਵਕੀਲ ਸਾਹਿਬਾਨਾਂ ਨੇ ਆਪਣੀਆਂ ਗਵਾਹੀਆਂ ਬੰਦ ਕੀਤੀਆਂ।

11) ਮਿਸਲ ਤੇ ਆਏ ਦਸਤਾਵੇਜ਼ਾਂ ਅਤੇ ਦੋਨਾਂ ਧਿਰਾਂ ਨੂੰ ਸੁਣਨ ਤੋਂ ਬਾਅਦ ਅਦਾਲਤ ਇਸ ਸਿੱਟੇ ਤੇ ਪੁੱਜੀ ਹੈ ਕਿ ਉਂਕਾਰ ਸਿੰਘ ਅਕਤੂਬਰ-2024 ਵਿਚ ਹੋਈਆਂ ਪੰਚਾਇਤੀ ਚੋਣਾਂ ਵਿਚ ਸਭ ਤੋਂ ਵੱਧ ਵੋਟਾਂ ਪ੍ਰਾਪਤ ਕਰਨ ਕਰਕੇ ਪਿੰਡ ਮਲੋਟ ਦਾ ਸਰਪੰਚ ਘੋਸ਼ਿਤ ਕੀਤਾ ਗਿਆ ਸੀ ਅਤੇ ਉਸ ਤੋਂ ਬਾਅਦ ਵੋਟਾਂ ਵਿਚ ਪਟੀਸ਼ਨਰ ਸ੍ਰੀ ਜਸਪ੍ਰੀਤ ਆਉਂਦਾ ਹੈ। ਪਟੀਸ਼ਨਰ ਜਸਪ੍ਰੀਤ ਦੀ ਇਸ ਗੱਲ ਵਿਚ ਵਜ਼ਨ ਹੈ ਕਿ ਜੋ ਹਦਾਇਤਾਂ ਉਤਰਵਾਦੀ ਧਿਰ ਵੱਲੋਂ ਨਾਲ ਲਗਾਈਆਂ ਗਈਆਂ ਹਨ, ਜਿਸ ਵਿਚ ਇਹ ਸਪਸ਼ਟ ਲਿਖਿਆ ਹੈ ਕਿ ਸ਼ੈਡ ਲਈ own land ਹੋਣੀ ਜ਼ਰੂਰੀ ਹੈ। ਜਿਸ ਸਬੰਧੀ ਉਤਰਵਾਦੀ ਉਂਕਾਰ ਸਿੰਘ ਨੇ ਲੇਬਰ ਦੀ ਰਕਮ 19000/- ਰੁਪਏ ਸ਼ੈਡ ਬਣਾਉਣ ਲਈ ਵਸੂਲ ਕੀਤੇ ਹਨ। ਉਸ ਵੱਲੋਂ ਜੋ ਜਗ੍ਹਾ ਕਰਨੈਲ ਸਿੰਘ ਲੀਜ਼ ਤੇ ਲੈਣ ਸਬੰਧੀ ਇਕਰਾਰਨਾਮਾ ਪੇਸ਼ ਕੀਤਾ ਹੈ ਜੋ ਸਾਲ 2008 ਤੋਂ ਸਾਲ 2028 ਤੱਕ ਦਾ ਹੈ। ਕਰਨੈਲ ਸਿੰਘ ਵੱਲੋਂ ਇਹ ਅਸ਼ਟਾਮ ਮਿਤੀ 03.06.2008 ਨੂੰ ਸੰਨਦ ਤਕਸੀਮ ਜਾਰੀ ਕਰਾਉਣ ਸਬੰਧੀ ਲਿਆ ਸੀ ਅਤੇ ਇਸ ਤੇ ਕਟਿੰਗ ਕਰਕੇ ਇਸ ਅਸ਼ਟਾਮ ਨੂੰ ਇਕਰਾਰਨਾਮਾ show ਕੀਤਾ ਹੈ। ਇਹ ਇਕਰਾਰਨਾਮਾ ਲੀਜ਼/ਠੇਕਾ ਮਿਤੀ 03.06.2008 ਤੋਂ ਮਿਤੀ 02.06.2028 ਤੱਕ 20 ਸਾਲਾਂ ਲਈ ਲਿਖਿਆ ਹੈ ਜਦੋਂ ਕਿ ਇਕਰਾਰਨਾਮਾ ਲਿਖਣ ਸਮੇਂ ਅੰਤ ਵਿਚ ਕਰਨੈਲ ਸਿੰਘ ਦਸਤਖਤਾਂ ਹੇਠ ਤਾਰੀਖ ਪਾਈ ਹੈ, ਉਹ 02.08.2016 ਹੈ ਜਦਕਿ ਉਤਰਵਾਦੀ ਉਂਕਾਰ ਸਿੰਘ ਖੁਦ ਵੀ ਮੰਨਦਾ ਹੈ ਕਿ ਕਰਨੈਲ ਸਿੰਘ ਦੀ ਮੌਤ ਮਾਰਚ-2012 ਵਿਚ ਹੋਈ ਹੈ। ਜਦੋਂ ਕਿਸੇ ਵਿਅਕਤੀ ਦੀ ਮੌਤ ਸਾਲ 2012 ਵਿਚ ਹੋਈ ਹੋਵੇ ਤਾਂ ਉਹ 2016 ਵਿਚ ਇਕਰਾਰਨਾਮਾ ਕਿਵੇਂ ਲਿਖ ਸਕਦਾ ਹੈ। **ਇਸ ਤੋਂ ਇਲਾਵਾ ਉੱਤਰਵਾਦੀ ਓਂਕਾਰ ਸਿੰਘ ਪਾਸੋਂ ਵਾਰ ਵਾਰ ਮੰਗਣ ਤੇ ਅਸਲ ਇਕਰਾਰਨਾਮਾ ਪੇਸ਼ ਨਹੀਂ ਕੀਤਾ ਗਿਆ।** ਇਸ ਤੋਂ ਇਹ ਸਪਸ਼ਟ ਹੈ ਕਿ ਫੌਤ ਹੋ ਚੁੱਕੇ ਵਿਅਕਤੀ ਦੇ ਗਲਤ ਸਾਈਨ ਕਰਕੇ ਉਸ ਦੀ ਮੌਤ ਤੋਂ ਬਾਅਦ ਇਕਰਾਰਨਾਮਾ ਲੀਜ਼ ਕੀਤਾ ਹੈ। ਇਸ ਗੱਲ ਦਾ ਉਤਰਵਾਦੀ ਉਂਕਾਰ ਸਿੰਘ ਨੂੰ ਭਲੀ-ਭਾਂਤ ਪਤਾ ਹੈ ਕਿ ਕਰਨੈਲ ਸਿੰਘ ਦੀ ਮੌਤ ਤੋਂ ਬਾਅਦ ਸਾਲ 2016 ਵਿਚ ਗਲਤ ਇਕਰਾਰਨਾਮਾ ਗਲਤ ਦਸਤਖਤਾਂ ਹੇਠ ਕਰ ਰਿਹਾ ਹੈ। ਇਸ ਤੋਂ ਇਲਾਵਾ ਉਸਨੇ ਆਪਣੇ ਨਾਮਜ਼ਦਗੀ ਪੱਤਰ ਵਿਚ ਇਹ ਗੱਲ disclose ਨਹੀਂ ਕੀਤੀ ਕਿ ਉਹ ਪੰਚਾਇਤ ਮਹਿਕਮੇ ਦਾ 19000/- ਰੁਪਏ ਦਾ ਬਾਕੀਦਾਰ ਹੈ। ਇਸ ਤਰ੍ਹਾਂ The Punjab State Election Commission Act, 1994 ਦੇ ਸ਼ੈਕਸ਼ਨ 89 ਮੁਤਾਬਕ ਇਹ ਉਂਕਾਰ ਸਿੰਘ ਨਾਮਜ਼ਦਗੀ ਭਰਨ ਸਮੇਂ ਸਰਪੰਚ/ਪੰਚ ਬਣਨ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦਾ ਸੀ ਕਿਉਂਕਿ ਪੰਚਾਇਤ ਦਾ ਕੋਈ ਵੀ ਬਾਕੀਦਾਰ ਜਿਹੜਾ ਨਿਯਮਾਂ ਮੁਤਾਬਕ ਸ਼ਰਤਾਂ ਪੂਰੀਆਂ ਨਾ ਕਰਦਾ ਹੋਵੇ। ਇਸ ਤਰ੍ਹਾਂ ਉਂਕਾਰ ਸਿੰਘ ਨੇ ਇੱਕ corrupt practice ਕਰਕੇ ਗਲਤ ਤੌਰ ਤੇ ਨਾਮਜ਼ਦਗੀ ਪੱਤਰ ਭਰੇ ਹਨ। **ਜੇਕਰ ਪਿੰਡ ਦਾ ਮੁਖੀ ਪੰਚਾਇਤੀ ਫੰਡ ਦਾ ਗਬਨ/ਗਲਤ ਬਿਆਨੀ /Corrupt practice ਕਰਕੇ ਪਿੰਡ ਦਾ ਸਰਪੰਚ/ਮੁਖੀ ਬਣਦਾ ਹੈ ਤਾਂ ਉਸ ਤੋਂ ਪਿੰਡ ਦੇ ਵਿਕਾਸ ਲਈ ਨਿਰਪੱਖ ਹੋਣ ਦੀ ਕਿਵੇਂ ਆਸ ਕੀਤੀ ਜਾ ਸਕਦੀ ਹੈ।**

ਲਿਹਾਜ਼ਾ ਮਿਸਲ ਤੇ ਆਏ ਦਸਤਾਵੇਜ਼ ਅਤੇ ਪਟੀਸ਼ਨਰ ਧਿਰ ਦੇ ਵਿਦਵਾਨ ਵਕੀਲ ਵੱਲੋਂ ਦਿੱਤੀਆਂ ਗਈਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਮੈਂ ਜਸਪਾਲ ਸਿੰਘ ਬਰਾੜ, ਪੀ.ਸੀ.ਐਸ., ਚੋਣ ਟ੍ਰਿਬਿਊਨਲ-ਕਮ-ਉਪ ਮੰਡਲ ਮੈਜਿਸਟਰੇਟ, ਮਲੋਟ ਪਟੀਸ਼ਨਰ ਵੱਲੋਂ ਦਾਇਰ ਕੀਤੀ ਗਈ ਪਟੀਸ਼ਨਰ ਪ੍ਰਵਾਨ ਕਰਦਾ ਹੋਇਆ ਉਤਰਵਾਦੀ ਉਂਕਾਰ ਸਿੰਘ ਦੀ ਚੋਣ ਨੂੰ The Punjab State Election Act, 1994 ਦੇ ਸ਼ੈਕਸ਼ਨ 89 ਤਹਿਤ **disqualify ਕਰਦੇ ਹੋਏ, ਉਸਦੀ ਚੋਣ ਨੂੰ** ਰੱਦ ਕਰਦਾ ਹਾਂ ਅਤੇ ਪਟੀਸ਼ਨਰ ਜੋ ਕਿ ਚੋਣਾਂ ਵਿਚ ਦੂਜੇ ਨੰਬਰ ਤੇ ਆਇਆ ਹੈ, ਨੂੰ The Punjab State Election Commission Act, 1994 ਦੇ ਸ਼ੈਕਸ਼ਨ 90 ਤਹਿਤ ਪਿੰਡ ਨਵਾਂ ਮਲੋਟ ਦਾ ਸਰਪੰਚ ਘੋਸ਼ਿਤ ਕਰਦਾ ਹਾਂ। ਇਸ ਤੋਂ ਬਿਨਾਂ ਫੌਤ ਹੋਏ ਵਿਅਕਤੀ ਕਰਨੈਲ ਸਿੰਘ ਜੋ ਕਿ ਸਾਲ 2012 ਵਿਚ ਫੌਤ ਹੋਇਆ ਸੀ ਅਤੇ ਉਸ ਵੱਲੋਂ ਸਾਲ 2016 ਵਿਚ ਗਲਤ ਇਕਰਾਰਨਾਮਾ ਕਰਨ ਅਤੇ ਗਲਤ ਬਿਆਨੀ ਕਰਨ ਦੇ ਸਬੰਧ ਵਿਚ **ਬੀ.ਪੀ.ਓ ਮਲੋਟ ਨੂੰ** ਉਤਰਵਾਦੀ ਉਂਕਾਰ ਸਿੰਘ ਦੇ ਖਿਲਾਫ ਕਾਨੂੰਨੀ ਕਾਰਵਾਈ ਕਰਨ ਦੇ ਨਾਲ-ਨਾਲ ਪੰਚਾਇਤ ਵਿਭਾਗ ਦੇ ਸਬੰਧਤ ਕਰਮਚਾਰੀਆਂ ਵਿਰੁੱਧ ਵੀ ਅਨੁਸ਼ਾਸ਼ਨੀ ਕਾਰਵਾਈ ਕਰਨ ਦਾ ਹੁਕਮ ਦਿੰਦਾ ਹਾਂ। ਇਸ ਤੋਂ ਇਲਾਵਾ ਇਕਰਾਰਨਾਮਾ ਦੇ ਗਵਾਹ ਸ੍ਰੀ ਦਰਸ਼ਨ ਸਿੰਘ ਅਤੇ ਸ੍ਰੀ ਹਰਦੀਪ ਸਿੰਘ ਵੱਲੋਂ ਜੋ ਫਰਜ਼ੀ ਗਵਾਹੀ ਪਾਈ ਗਈ ਹੈ, ਉਹਨਾਂ ਤੇ ਪੰਚਾਇਤੀ ਵਿਭਾਗ ਦੀਆਂ ਬਣਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਨ ਲਈ ਹੁਕਮ ਦਿੰਦਾ ਹਾਂ। ਨੋਟਰੀ ਪਬਲਿਕ ਸ੍ਰੀ ਪੰਜਾਬ ਸਿੰਘ ਸੰਧੂ ਜ਼ਿਲ੍ਹਾ ਕਚਹਿਰੀਆਂ ਮਲੋਟ ਵੱਲੋਂ ਜੋ ਇਕਰਾਰਨਾਮਾ ਮਿਤੀ 01.07.2025 ਨੂੰ ਬਿਨਾਂ ਅਸਲ ਇਕਰਾਰਨਾਮਾ ਦੇਖੇ ਤਸਦੀਕ ਕੀਤਾ ਹੈ, ਉਸ ਦਾ ਲਾਇਸੰਸ ਰੱਦ ਕਰਨ ਦੀ ਵਖਰੇ ਤੌਰ ਤੇ ਸਿਫਾਰਸ਼ ਕੀਤੀ ਜਾਂਦੀ ਹੈ। ਇਸ ਹੁਕਮ ਦੀ ਇੱਕ ਕਾਪੀ

ਵਧੀਕ ਜ਼ਿਲ੍ਹਾ ਮੈਜਿਸਟਰੇਟ (ਵਿਕਾਸ) ਸ੍ਰੀ ਮੁਕਤਸਰ ਸਾਹਿਬ ਜੀਆਂ ਪਾਸ ਨੋਟੀਫਿਕੇਸ਼ਨ ਜਾਰੀ ਕਰਨ ਲਈ ਭੇਜੀ ਜਾਵੇ। ਮਿਸਲ ਬਾਅਦ ਲੋੜੀਂਦੀ ਪੂਰਤੀ ਦਾਖਲ ਰਿਕਾਰਡ ਰੂਮ ਹੋਵੇ।

ਹੁਕਮ ਸੁਣਾਇਆ ਗਿਆ।

ਮਿਤੀ: 11.07.2025

ਸਹੀ/-

ਚੋਣ ਟ੍ਰਿਬਿਊਨਲ-ਕਮ-
ਉਪ ਮੰਡਲ ਮੈਜਿਸਟਰੇਟ,
ਮਲੋਟ।

3482/8-2025/Pb. Govt. Press, S.A.S. Nagar